# ਖੇਡਾਂ ਕਿੰਦਾਂ ਕੰਮ ਕਰਦੀਆਂ ਹਨ

# ਟੈਕਸਸ ਹੋਲਡ'ਮ ਬੋਨਸ ਪੋਕਰ

## ਸੂਗਲ ਬਣਾਈ ਰੱਖੋ।
## ਖੇਡਣ ਤੋਂ ਪਹਿਲਾਂ ਸਿੱਖੋ ਕਿ ਖੇਡਾਂ ਕਿੰਦਾਂ ਕੰਮ ਕਰਦੀਆਂ ਹਨ।

ਟੈਕਸਸ ਹੋਲਡ'ਮ ਬੋਨਸ ਵਿਚ ਜਿੱਤਣ ਲਈ ਜ਼ਰੂਰੀ ਹੈ ਕਿ ਤੁਸੀਂ ਉਹ ਖਿਡਾਰੀ ਹੋਵੋ ਜਿਸ ਕੋਲ ਖੇਡ ਦੇ ਅਖੀਰ ਵਿਚ ਪੰਜ-ਪੱਤੀ ਪੋਕਰ ਦਾ ਸਭ ਤੋਂ ਵਧੀਆ ਹੱਥ ਹੋਵੇ। ਜਿੱਤਣ ਲਈ ਤੁਹਾਨੂੰ ਸਿਰਫ ਡੀਲਰ ਦੇ ਹੱਥ ਨੂੰ ਹੀ ਹਰਾਉਣ ਦੀ ਲੋੜ ਹੈ ਨਾ ਕਿ ਖੇਡ ਰਹੇ ਦੂਜੇ ਖਿਡਾਰੀਆਂ ਦੇ ਹੱਥਾਂ ਨੂੰ। ਖਿਡਾਰੀਆਂ ਕੋਲ ਇਹ ਚੋਣ ਵੀ ਹੁੰਦੀ ਹੈ ਕਿ ਉਹ ਬੋਨਸ ਜੈਕਪੌਟ ਵੇਜਰ ਰੱਖ ਸਕਣ।

ਖਿਡਾਰੀਆਂ ਅਤੇ ਡੀਲਰ ਨੂੰ ਪਹਿਲਾਂ ਮੂਧੇ ਮਾਰੇ ਦੋ ਦੋ ਪੱਤੇ ਦਿੱਤੇ ਜਾਂਦੇ ਹਨ। ਡੀਲਰ ਪੰਜ ਸਾਂਝੇ (ਕਮਿਊਨਿਟੀ ) ਪੱਤੇ ਦਿੰਦਾ ਹੈ ਜੋ ਖਿਡਾਰੀ ਅਤੇ ਡੀਲਰ ਸਭ ਤੋਂ ਬਿਹਤਰ ਪੰਜ ਪੱਤੀ ਪੋਕਰ ਦਾ ਹੱਥ ਬਣਾਉਣ ਲਈ ਵਰਤਦੇ ਹਨ। ਖਿਡਾਰੀ ਤੇ ਡੀਲਰ 2 ਮੂਧੇ ਮਾਰੇ ਪੱਤਿਆਂ ਅਤੇ 5 ਸਾਂਝੇ ਪੱਤਿਆਂ ਵਿਚੋਂ ਸਭ ਤੋਂ ਬਿਹਤਰ ਹੱਥ ਬਣਾਉਣ ਲਈ ਕੋਈ ਵੀ ਸੰਭਵ ਜੋੜ ਵਰਤ ਸਕਦੇ ਹਨ।

### ਡੀਲਰ ਦੇ ਵਿਰੁੱਧ ਖੇਡਣਾ:

ਖੇਡ ਵਿਚ ਹਿੱਸਾ ਲੈਣ ਲਈ ਖਿਡਾਰੀਆਂ ਲਈ ਜ਼ਰੂਰੀ ਹੈ ਕਿ ਉਹ ਮੁੱਢਲਾ ਦਾਅ (ਐਂਟੇ ਵੇਜਰ) ਲਾਉਣ। ਜੇ ਕੋਈ ਖਿਡਾਰੀ ਆਪਣਾ ਹੱਥ ਡੀਲਰ ਦੇ ਵਿਰੁੱਧ ਖੇਡਣਾ ਚਾਹੁੰਦਾ ਹੈ ਤਾਂ ਉਹਦੇ ਲਈ ਫਲੌਪ ਵੇਜਰ ਪਾਉਣਾ ਜ਼ਰੂਰੀ ਹੈ। ਫਲੌਪ ਵੇਜਰ ਐਂਟੇ ਵੇਜਰ ਤੋਂ ਦੁੱਗਣਾ ਹੋਣਾ ਜ਼ਰੂਰੀ ਹੈ। ਜੇ ਖਿਡਾਰੀ ਫਲੌਪ ਵੇਜਰ ਨਾ ਪਾਉਣ ਦਾ ਫੈਸਲਾ ਕਰੇ ਤਾਂ ਉਹਨੂੰ ਖੇਡ ’ਚੋਂ ਨਿਕਲਣਾ (ਫੋਲਡ ਕਰਨਾ) ਪਵੇਗਾ ਅਤੇ ਆਪਣਾ ਪਹਿਲਾ ਲਾਇਆ ਦਾਅ (ਐਂਟੇ ਵੇਜਰ) ਗੁਆਉਣਾ ਪਵੇਗਾ। ਖਿਡਾਰੀਆਂ ਨੂੰ ਟਰਨ ਅਤੇ ਰਿਵਰ ਪੱਤਿਆਂ ਸਮੇਂ ਹੋਰ ਵਾਧੂ ਦਾਅ ਲਾਉਣ ਦਾ ਮੌਕਾ ਮਿਲੇਗਾ ਜਿਹੜਾ ਐਂਟੇ ਵੇਜਰ ਦੇ ਬਰਾਬਰ ਹੋਵੇਗਾ।

### ਐਂਟੇ (ਦਾਅ) ਅਦਾਇਗੀ

ਫਲੌਪ, ਟਰਨ ਅਤੇ ਰਿਵਰ ਸ਼ਰਤਾਂ ਨੂੰ ਬਰਾਬਰ (1 ਟੂ 1) ਦੇ ਹਿਸਾਬ ਨਾਲ ਅਦਾ ਕੀਤਾ ਜਾਂਦਾ ਹੈ ਜਦੋਂ ਖਿਡਾਰੀ ਦਾ ਹੱਥ ਡੀਲਰ ਦੇ ਹੱਥ ਨੂੰ ਹਰਾ ਦੇਵੇ। ਜੇ ਐਂਟੇ ਵੇਜਰ ਵਿਚ ਕੋਈ ਸਟਰੇਟ ਜਾਂ ਬਿਹਤਰ ਪੱਤੇ ਹੋਣ ਤਾਂ ਬਰਾਬਰ (1 ਟੂ 1) ਦੇ ਪੈਸੇ ਦਿੱਤੇ ਜਾਣਗੇ ਨਹੀਂ ਤਾਂ ਇਹ ਪੁੱਸ਼ (ਟਾਈ) ਹੋਵੇਗਾ।

ਜੇ ਡੀਲਰ ਦਾ ਹੱਥ ਖਿਡਾਰੀ ਨੂੰ ਹਰਾ ਦੇਵੇ ਤਾਂ ਖਿਡਾਰੀ ਐਂਟੇ, ਫਲੌਪ, ਟਰਨ ਅਤੇ ਰਿਵਰ ਸ਼ਰਤਾਂ ਹਾਰ ਜਾਂਦਾ ਹੈ।

| ਹੱਥ ਦਾ ਮੁੱਲ | ਬੋਨਸ ਅਦਾਇਗੀ |
|---|---|
| ਜੇਤੂ ਸਟਰੇਟ ਜਾਂ ਬਿਹਤਰ | 1 ਟੂ 1 |

### ਬੋਨਸ ਜੈਕਪੌਟ ਅਦਾਇਗੀ ਸੂਚੀ

ਖਿਡਾਰੀ ਬੋਨਸ ਜੈਕਪੌਟ ’ਤੇ ਹੋਰ ਵਾਧੂ ਦਾਅ ਲਾ ਸਕਦੇ ਹਨ ਜੇ ਉਨ੍ਹਾਂ ਨੇ ਮੁੱਢਲੀ ਖੇਡ ਵਿਚ ਦਾਅ ਲਾਇਆ ਹੋਵੇ। ਜਿਹੜੇ ਖਿਡਾਰੀ ਬੋਨਸ ਜੈਕਪੌਟ ’ਤੇ ਦਾਅ ਲਾਉਂਦੇ ਹਨ ਉਹ ਪਹਿਲਾਂ ਤਹਿ ਕੀਤੀ ਅਦਾਇਗੀ ਸੂਚੀ ਵਿਰੁੱਧ ਖੇਡ ਰਹੇ ਹੁੰਦੇ ਹਨ।

| ਹੱਥ ਦਾ ਮੁੱਲ | ਬੋਨਸ ਅਦਾਇਗੀ |
|---|---|
| ਖਿਡਾਰੀ ਅਤੇ ਡੀਲਰ ਦੋਵਾਂ ਦੇ ਹੱਥਾਂ ’ਚ ਦੋ ਦੋ ਯੱਕੇ | 1,000 ਟੂ 1 |
| ਦੋ ਯੱਕੇ | 30 ਟੂ 1 |
| ਯੱਕੇ / ਬਾਦਾ ਸੂਟਿਡ | 25 ਟੂ 1 |
| ਯੱਕਾ / ਰਾਣੀ ਜਾਂ ਯੱਕਾ / ਗੋਲਾ ਸੂਟਿਡ | 20 ਟੂ 1 |
| ਯੱਕਾ / ਬਾਦਾ ਅਨਸੂਟਿਡ | 15 ਟੂ 1 |
| ਬਾਦਾ / ਬਾਦਾ, ਰਾਣੀ / ਰਾਣੀ, ਜਾਂ ਗੋਲਾ / ਗੋਲਾ | 10 ਟੂ 1 |
| ਯੱਕਾ / ਰਾਣੀ ਜਾਂ ਯੱਕਾ / ਗੋਲਾ ਅਨਸੂਟਿਡ | 5 ਟੂ 1 |
| ਦਹਿਲਿਆਂ ਤੋਂ ਦੁੱਕੀਆਂ ਤੱਕ ਦੇ ਜੋੜੇ | 3 ਟੂ 1 |




**ਮੇਜ਼ ’ਤੇ ਖੇਡਣ ਵਾਲੀਆਂ ਹੋਰ ਖੇਡਾਂ ਬਾਰੇ ਜਾਨਣ ਲਈ ਡੀਲਰ ਸੁਪਰਵਾਈਜ਼ਰ ਨੂੰ ਪੁੱਛੋ, ਇਸ ਜਗ੍ਹਾ ਦੇ ਗੇਮਸੈਂਸ ਇਨਫੋ ਸੈਂਟਰ ’ਤੇ ਜਾਵੋ ਜਾਂ ਏਥੇ ਦੇਖੋ : www.bclc.com**




bclc playing it right

GameSense

engage your GameSense.ca